# 2

# ਕੀ ਹੈ ਲੰਬਾ?
# ਕੀ ਹੈ ਗੋਲ?

0124CH02



## ਆਪਣੇ ਆਲ਼ੇ-ਦੁਆਲ਼ੇ ਦੇਖੋ!

ਵਿੱਦਿਆ ਭੈਣ ਜੀ ਨੇ ਸਾਰੇ ਬੱਚਿਆਂ ਨੂੰ ਇੱਕ ਗੋਲ-ਦਾਇਰੇ ਵਿੱਚ ਬੈਠਣ ਲਈ ਕਿਹਾ।




ਬੱਚਿਆਂ ਨਾਲ਼ ਜਮਾਤ ਵਿੱਚ ਇਹ ਖੇਡ ਖੇਡੋ । ਬੱਚਿਆਂ ਨੂੰ ਦੋ ਵਸਤੂਆਂ-ਇੱਕ ਲੰਮੀ ਅਤੇ ਇੱਕ ਗੋਲ ਦੇ ਨਾਮ ਦੱਸਣ ਲਈ ਕਹੋ । ਹਰ ਵਾਰ ਨਵੀਂ ਵਸਤੂ ਦਾ ਨਾਮ ਲੈਣਾ ਹੈ ਅਤੇ ਦੁਹਰਾਉਣਾ ਨਹੀਂ ਹੈ । ਲੰਮੀਆਂ ਵਸਤੂਆਂ ਲਈ, ਬੱਚੇ ਇੱਕ ਮਾਪ ‘ਤੇ ਧਿਆਨ ਕੇਂਦਰਿਤ ਕਰ ਸਕਦੇ ਹਨ; ਜਿਵੇਂ ਕਿ ਲੰਮਾ, ਚੌੜਾ, ਆਦਿ। ਉਦਾਹਰਨ ਲਈ, ਕੁਝ ਗਲਾਸ ਨੂੰ ਲੰਮਾ ਕਹਿ ਸਕਦੇ ਹਨ ਜਦੋਂ ਕਿ ਕੁਝ ਹੋਰਾਂ ਲਈ, ਇਹ ਗੋਲ ਹੋ ਸਕਦਾ ਹੈ । ਦੋਵਾਂ ਵਿਚਾਰਾਂ ਨੂੰ ਵਿਚਾਰਨ ਦੀ ਲੋੜ ਹੈ । ਬੱਚਿਆਂ ਨੂੰ ਅਜਿਹਾ ਕਹਿਣ ਦਾ ਤਰਕ ਸਮਝਾਉਣ ਦਿਓ ।



## ਸੋਚੋ ਅਤੇ ਕਰੋ

A. ਚੱਕਰ ਵਿੱਚ ਗੋਲ ਵਸਤੂਆਂ ਅਤੇ ਆਇਤ ◯ ਵਿੱਚ ਲੰਮੀਆਂ ਵਸਤੂਆਂ ਦਾ ਚਿੱਤਰ ਉਲੀਕੋ।
▭.










© NCERT not to be republished

B. ਇਕੋ ਜਿਹੀਆਂ ਦਿਸਣ ਵਾਲ਼ੀਆਂ ਵਸਤੂਆਂ ਨੂੰ ਮਿਲਾਓ।





















C. ਗੇਂਦ  . ਵਰਗੀ ਦਿਸਣ ਵਾਲ਼ੀ ਵਸਤੂ ‘ਤੇ ਸਹੀ ✓ ਦਾ ਨਿਸ਼ਾਨ ਲਗਾਓ।












© NCERT not to be republished

D. ਟੋਪੀ  ਵਰਗੀ ਦਿਸਣ ਵਾਲ਼ੀ ਵਸਤੂ ‘ਤੇ ਸਹੀ ✓ ਦਾ ਨਿਸ਼ਾਨ ਲਗਾਓ।



E. ਗਲਾਸ  ਵਰਗੀ ਦਿਸਣ ਵਾਲ਼ੀ ਵਸਤੂ ‘ਤੇ ਸਹੀ ✓ ਦਾ ਨਿਸ਼ਾਨ ਲਗਾਓ।



F. ਮਾਚਿਸ  ਦੀ ਡੱਬੀ ਵਰਗੀ ਦਿਸਣ ਵਾਲ਼ੀ ਵਸਤੂ ਤੇ ਸਹੀ ✓ ਦਾ ਨਿਸ਼ਾਨ ਲਗਾਓ। .






## ਆਓ ਕਰੀਏ

ਤੁਹਾਡੇ ਆਲ਼ੇ-ਦੁਆਲ਼ੇ ਦੀਆਂ ਵੱਖ-ਵੱਖ ਵਸਤੂਆਂ ਦੀ ਵਰਤੋਂ ਕਰਦੇ ਹੋਏ ਇੱਕ ਘਰ, ਖਿਡੌਣਾ, ਟਾਵਰ, ਰੋਬੋਟ, ਬੱਸ ਜਾਂ ਆਪਣੀ ਪਸੰਦ ਦੀ ਕੋਈ ਵੀ ਚੀਜ਼ ਬਣਾਓ। ਤੁਸੀਂ ਕਾਪੀਆਂ, ਕਿਤਾਬਾਂ, ਪੈਨਸਿਲ ਬਾਕਸ, ਪਾਣੀ ਦੀ ਬੋਤਲ, ਵਿਅਰਥ ਜਾਂ ਪੁਰਾਣੇ ਡੱਬੇ, ਜਨਮ-ਦਿਨ ਟੋਪੀ, ਕੀਪ ਆਦਿ ਦੀ ਵਰਤੋਂ ਵੀ ਕਰ ਸਕਦੇ ਹੋ।

ਬੱਚਿਆਂ ਨੂੰ ਚਾਰ ਸਮੂਹਾਂ ਵਿੱਚ ਵੰਡੋ। ਹਰੇਕ ਸਮੂਹ ਨੂੰ ਇੱਕ ਆਕਾਰ ਦਿਓ ਅਤੇ ਬੱਚਿਆਂ ਨੂੰ ਉਸ ਆਕਾਰ ਵਰਗੀਆਂ ਦੋ ਵੱਖ-ਵੱਖ ਵਰਤੀਆਂ ਜਾਂ ਵਿਅਰਥ ਵਸਤੂਆਂ ਲਿਆਉਣ ਲਈ ਕਹੋ। ਸਾਰੀਆਂ ਇਕੱਠੀਆਂ ਕੀਤੀਆਂ ਚੀਜ਼ਾਂ ਨੂੰ ਜਮਾਤ ਵਿੱਚ ਪ੍ਰਦਰਸ਼ਿਤ ਕਰੋ ਅਤੇ ਬੱਚਿਆਂ ਨੂੰ ਆਪਣੇ ਦੁਆਰਾ ਚੁਣੀਆਂ ਗਈਆਂ ਖ਼ਾਸ ਚੀਜ਼ਾਂ ਨੂੰ ਚੁਣਨ ਦਾ ਕਾਰਨ ਦੱਸਣ ਲਈ ਕਹੋ।



© NCERT not to be republished

## ਸਿਆਣੀ ਦਾਦੀ



ਇੱਕ ਵਾਰ ਇੱਕ ਲੇਲਾ ਸੀ, ਜੋ ਆਪਣੀ ਦਾਦੀ ਨੂੰ ਮਿਲ਼ਣ ਜਾ ਰਿਹਾ ਸੀ।

ਇੱਕ ਬਘਿਆੜ ਨੇ ਲੇਲੇ ਨੂੰ ਦੇਖਿਆ ਅਤੇ ਉਹ ਉਸ ਨੂੰ ਫੜਨਾ ਚਾਹੁੰਦਾ ਸੀ।




ਲੇਲੇ ਨੇ ਬਘਿਆੜ ਬਾਰੇ ਸਭ ਕੁਝ ਆਪਣੀ ਦਾਦੀ ਨੂੰ ਦੱਸਿਆ। ਦਾਦੀ ਨੂੰ ਇੱਕ ਤਰਕੀਬ ਸੁੱਝੀ ਅਤੇ ਉਸ ਨੇ ਲੇਲੇ ਨੂੰ ਇੱਕ ਢੋਲ ਦੇ ਅੰਦਰ ਪਾ ਕੇ ਆਪਣੇ ਘਰ ਵੱਲ ਰੋੜ੍ਹ ਦਿੱਤਾ।



ਜਮਾਤ ਵਿੱਚ ਕਹਾਣੀ ਨੂੰ ਉੱਚੀ ਅਵਾਜ਼ ਵਿੱਚ ਪੜ੍ਹੋ ਅਤੇ ਬੱਚਿਆਂ ਨੂੰ ਇਸ ਦੀ ਪੇਸ਼ਕਾਰੀ ਕਰਨ ਲਈ ਕਹੋ।



ਢੋਲ ਬੜੀ ਤੇਜ਼ੀ ਨਾਲ਼ ਰੁੜ੍ਹਿਆ ਅਤੇ ਬਘਿਆੜ ਇਸ ਦੇ ਪਿੱਛੇ ਦੌੜਨ ਲੱਗਿਆ।



ਬਘਿਆੜ ਲੇਲੇ ਨੂੰ ਫੜ ਨਹੀਂ ਸਕਿਆ ਅਤੇ ਉਹ
ਸੁਰੱਖਿਅਤ ਆਪਣੇ ਘਰ ਪਹੁੰਚ ਗਿਆ।






ਬੱਚਿਆਂ ਨੂੰ ਢੋਲ ਦੇ ਰੁੜ੍ਹਨ ਦਾ ਕਾਰਨ ਲੱਭਣ ਦਿਉ। ਉਹਨਾਂ ਨਾਲ਼ ਢੋਲ ਦੇ ਆਕਾਰ ਅਤੇ ਜੰਗਲ਼ ਤੋਂ ਲੇਲੇ ਦੇ ਘਰ ਤੱਕ ਰਸਤੇ ਦੀ ਢਲਾਣ ਸਬੰਧੀ ਤਰਤੀਬਬੱਧ ਚਰਚਾ ਕਰੋ।

not to be republished



## ਆਓ ਸਾਰੇ ਖਸਿਕੀਏ/ਤਲਿਕੀਏ।

ਚਿੱਤਰ ਵਿੱਚ ਦਿਖਾਏ ਅਨੁਸਾਰ ਬੱਚੇ ਕੈਰਮ ਖੇਡ ਰਹੇ ਹਨ । ਤੁਸੀਂ ਵੀ ਖੇਡੋ ਅਤੇ ਪਤਾ ਲਗਾਉ ਕਿ ਗੀਟੀਆਂ ਨੂੰ ਖਿਸਕਾ ਕੇ ਕੋਨਿਆਂ ਤੇ ਬਣੇ ਖਾਨਿਆਂ ਵਿੱਚ ਕਿਵੇਂ ਪਾਉਂਦੇ ਹਾਂ।




A. ਹੇਠਾਂ ਦਿੱਤੀ ਤਸਵੀਰ ਵਿੱਚ ਰਿੜ੍ਹਨ ਵਾਲੀਆਂ ਵਸਤੂਆਂ ਲਈ 'ਰ' ਅਤੇ ਖਿਸਕਣ ਵਾਲ਼ੀਆਂ ਵਸਤੂਆਂ ਲਈ 'ਖ' ਲਿਖੋ ◯।




B. ਆਪਣੇ ਆਲ਼ੇ-ਦੁਆਲ਼ੇ ਦੀਆਂ ਵੱਖ-ਵੱਖ ਵਸਤੂਆਂ ਨੂੰ ਇਕੱਠਾ ਕਰੋ ਅਤੇ ਦੇਖੋ ਕਿ ਕੀ ਉਹ ਰੜ੍ਹਿਨ ਵਾਲ਼ੀਆਂ ਜਾਂ ਖਸਿਕਣ ਵਾਲ਼ੀਆਂ ਹਨ ।

C. ਕੀ ਤੁਸੀਂ ਉਹ ਵਸਤੂਆਂ ਵੀ ਦੇਖਦੇ ਹੋ ਜੋ ਰੜ੍ਹਿਨ ਅਤੇ ਖਸਿਕਣ ਵਾਲ਼ੀਆਂ ਦੋਵੇਂ ਹੀ ਹਨ? ਜੇਕਰ ਹਾਂ, ਜਮਾਤ ਵੀਂਚ ਚਰਚਾ ਕਰੋ ।

ਬੱਚਿਆਂ ਨੂੰ ਉਹਨਾਂ ਦੇ ਘਰ ਜਾਂ ਸਕੂਲ ਦੀਆਂ ਵੱਖ-ਵੱਖ ਅਜਹਿੀਆਂ ਵਸਤੂਆਂ ਬਾਰੇ ਦੱਸਣ ਲਈ ਕਹੋ ਜੋ ਰੜ੍ਹਿਨ ਵਾਲ਼ੀਆਂ ਅਤੇ ਖਸ਼ਿਕਣ ਵਾਲ਼ੀਆਂ ਜਾਂ ਦੋਵੇਂ ਤਰ੍ਹਾਂ ਦੀਆਂ ਹੋਣ। ਇਹ ਵੀ ਚਰਚਾ ਕਰੋ ਕਿ ਕਹਿੜੀਆਂ ਵਸ਼ਿਸ਼ਤਾਵਾਂ ਕਰਕੇ ਕੋਈ ਵਸਤੂ ਇੱਕ ਪੱਧਰੀ ਜਾਂ ਢਲਾਣ ਵਾਲ਼ੀ ਸਤ੍ਹਾ 'ਤੇ ਰੁੜ੍ਹਦੀ ਜਾਂ ਖਸਿਕਦੀ ਹੈ।



not to be republished NCERT

## ਸੋਚੋ ਅਤੇ ਕਰੋ

ਪਤਾ ਕਰੋ ਕਿ ਕੀ ਹੇਠਾਂ ਦਿਖਾਈਆਂ ਵਸਤੂਆਂ ਰੁੜ੍ਹਦੀਆਂ ਹਨ, ਖਿਸਕਦੀਆਂ ਹਨ ਜਾਂ ਫਿਰ ਦੋਵੇਂ ਕਰਦੀਆਂ ਹਨ। ਸਹੀ ✓ ਜਾਂ ਗ਼ਲਤ X ਦਾ ਨਿਸ਼ਾਨ ਲਗਾਉ।

| ਵਸਤੂ | ਰੁੜ੍ਹਦੀ | ਖਿਸਕਦੀ | ਰੁੜ੍ਹਦੀ ਵੀ ਅਤੇ ਖਿਸਕਦੀ ਵੀ ਹੈ |
|---|---|---|---|
|  | | | |
|   | | | |
|  | | | |
|  | | | |
|  | | | |
|  | | | |
|  | | | |
|  | | | |

## ਪਰਿਯੋਜਨਾ ਕਾਰਜ

A. ਗੱਤੇ ਦੇ ਡੱਬੇ; ਜਿਵੇਂ ਜੁੱਤੀਆਂ ਦੇ ਡੱਬੇ, ਭੋਜਨ ਦੇ ਖਾਲੀ ਡੱਬੇ, ਫਲਾਂ ਦੇ ਡੱਬੇ, ਆਦਿ ਨੂੰ ਇਕੱਠਾ ਕਰੋ। ਡੱਬੇ ਦੇ ਅਗਲੇ ਭਾਗ ਨੂੰ ਕੱਟ ਕੇ ਅੱਖਾਂ, ਮੂੰਹ ਅਤੇ ਨੱਕ ਬਣਾਓ। ਆਪਣੇ ਮਾਤਾ-ਪਿਤਾ ਜਾਂ ਅਧਿਆਪਕ ਦੀ ਮਦਦ ਨਾਲ਼ ਆਪਣੀਆਂ ਮਨਪਸੰਦ ਕਹਾਣੀਆਂ ਵਿੱਚੋਂ ਇੱਕ ਕਠਪੁਤਲੀ ਬਣਾਓ ਅਤੇ ਇਸ ਕਠਪੁਤਲੀ ਰਾਹੀਂ ਆਪਣੀ ਜਮਾਤ ਵਿੱਚ ਕਠਪੁਤਲੀ-ਕਹਾਣੀ ਦਾ ਪ੍ਰਦਰਸ਼ਨ ਕਰੋ।

B. ਵੱਖ-ਵੱਖ ਵਸਤੂਆਂ ਨਾਲ਼ ਇਮਾਰਤ ਬਣਾਓ। ਪਤਾ ਕਰੋ ਕਿ ਕਿਹੜੇ ਆਕਾਰ ਦੀਆਂ ਵਸਤੂਆਂ ਉੱਚੀ ਤੇ ਸਥਿਰ ਇਮਾਰਤ ਬਣਾਉਂਦੀਆਂ ਹਨ।

C. ਚੀਕਣੀ ਮਿੱਟੀ ਦੀ ਵਰਤੋਂ ਕਰਕੇ ਵੱਖ-ਵੱਖ ਆਕਾਰ ਅਤੇ ਵਸਤੂਆਂ ਬਣਾਓ।

© NCERT not to be republished